# ਮਜ਼ਬੂਤ ਇਕੌਨਮੀ ਦੇ ਲਾਭ ਦੇਣਾ

## ਬੈਲੇਂਸਡ ਬਜਟ 2017 ਦੀਆਂ ਖਾਸੀਅਤਾਂ

### *ਲਗਾਤਾਰ ਪੰਜ ਬੈਲੇਂਸਡ ਬਜਟ*

ਬ੍ਰਿਟਿਸ਼ ਕਲੰਬੀਆ ਦਾ ਲਗਾਤਾਰ ਪੰਜਵਾਂ ਬੈਲੇਂਸਡ ਬਜਟ, ਬੀ.ਸੀ. ਦੇ ਮਿਡਲ ਕਲਾਸ ਪਰਿਵਾਰਾਂ ਲਈ ਖਰਚੇ ਘਟਾ ਕੇ, ਤਰਜੀਹੀ ਪ੍ਰੋਗਰਾਮਾਂ ਅਤੇ ਸੇਵਾਵਾਂ ਵਿਚ ਪੂੰਜੀ-ਨਿਵੇਸ਼ ਕਰਕੇ ਅਤੇ ਮੁਕਾਬਲਾਕਾਰੀ, ਜੌਬਾਂ ਪੈਦਾ ਕਰਨ ਵਾਲੀ ਇਕੌਨਮੀ ਨੂੰ ਉਤਸ਼ਾਹ ਦੇ ਕੇ ਅਤੇ ਦੂਰਦਰਸ਼ੀ ਵਿੱਤੀ ਪ੍ਰਬੰਧ ਰਾਹੀਂ ਮਜ਼ਬੂਤ ਅਤੇ ਬਹੁਭਾਂਤੀ ਇਕੌਨਮੀ ਦੇ ਲਾਭ ਪ੍ਰਦਾਨ ਕਰਦਾ ਹੈ, ਜਿਸ ਵਿਚ ਸ਼ਾਮਲ ਹਨ:

- » ਕਲਾਸਰੂਮਾਂ, ਮਾਨਸਿਕ ਸਿਹਤ ਦੀਆਂ ਸੇਵਾਵਾਂ, ਅਤੇ ਪਰਿਵਾਰਾਂ, ਬੱਚਿਆਂ ਅਤੇ ਸਭ ਤੋਂ ਜ਼ਿਆਦਾ ਲੋੜ ਵਾਲਿਆਂ ਲਈ ਨਵੀਂਆਂ ਇਨਵੈਸਟਮੈਂਟਾਂ ਲਈ ਫੰਡ।
- » ਬੁਨਿਆਦੀ ਢਾਂਚੇ ਵਿਚ ਰਿਕਾਰਡ ਪੱਧਰ ਦੀ ਇਨਵੈਸਟਮੈਂਟ ਜਿਸ ਨਾਲ 30,000 ਹੋਰ ਜੌਬਾਂ ਪੈਦਾ ਹੋ ਰਹੀਆਂ ਹਨ।
- » ਮੈਡੀਕਲ ਸਰਵਿਸਿਜ਼ ਪਲੈਨ ਦੇ ਪ੍ਰੀਮੀਅਮ ਅੱਧੇ ਘਟਾ ਕੇ ਅਤੇ ਇਨ੍ਹਾਂ ਨੂੰ ਖਤਮ ਕਰਨਾ ਸ਼ੁਰੂ ਕਰਕੇ ਬੀ. ਸੀ. ਦੇ ਪਰਿਵਾਰਾਂ ਦੀਆਂ ਜੇਬਾਂ ਵਿਚ ਤਕਰੀਬਨ 1 ਬਿਲੀਅਨ ਡਾਲਰ ਛੱਡਣਾ।

### *ਐੱਮ ਐੱਸ ਪੀ ਨੂੰ ਪੜਾਵਾਂ ਵਿਚ ਖਤਮ ਕਰਨਾ – ਪ੍ਰੀਮੀਅਮ 50% ਘਟਾਉਣਾ*

ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ) ਦੇ ਪ੍ਰੀਮੀਅਮ, 1 ਜਨਵਰੀ, 2018 ਤੋਂ $120,000 ਤੱਕ ਦੀ ਸਲਾਨਾ ਕੁੱਲ ਆਮਦਨ ਵਾਲੇ ਪਰਿਵਾਰਾਂ ਵਾਲੇ ਬ੍ਰਿਟਿਸ਼ ਕੋਲੰਬੀਅਨਾਂ ਲਈ ਅੱਧੇ ਕਰ ਦਿੱਤੇ ਜਾਣਗੇ। ਸੂਬੇ ਵਲੋਂ ਐੱਮ ਐੱਸ ਪੀ ਦੇ ਪ੍ਰੀਮੀਅਮਜ਼ ਨੂੰ ਖਤਮ ਕਰਨ ਦੇ ਕਾਰਜ ਦਾ ਇਹ ਪਹਿਲਾ ਕਦਮ ਹੈ।

ਇਨ੍ਹਾਂ ਤਬਦੀਲੀਆਂ ਦਾ ਮਤਲਬ ਪੂਰੇ ਪ੍ਰੀਮੀਅਮ ਦੇ ਰਹੇ ਪਰਿਵਾਰਾਂ ਲਈ $900 ਤੱਕ ਦੀ ਸਲਾਨ ਬੱਚਤ ਅਤੇ ਇਕੱਲੇ ਵਿਅਕਤੀਆਂ ਲਈ $450 ਤੱਕ ਦੀ। ਨਤੀਜੇ ਵਜੋਂ, ਦੋ ਮਿਲੀਅਨ ਬ੍ਰਿਟਿਸ਼ ਕੋਲੰਬੀਅਨ ਆਪਣੇ ਪ੍ਰੀਮੀਅਮ ਅੱਧੇ ਘੱਟ ਹੁੰਦਾ ਦੇਖਣਗੇ, ਇਹ ਉਨ੍ਹਾਂ ਦੋ ਮਿਲੀਅਨ ਬ੍ਰਿਟਿਸ਼ ਕੋਲੰਬੀਅਨਾਂ ਤੋਂ ਇਲਾਵਾ ਹਨ ਜਿਹੜੇ ਪਹਿਲਾਂ ਹੀ ਕੋਈ ਪ੍ਰੀਮੀਅਮ ਨਹੀਂ ਦਿੰਦੇ।

**ਐੱਮ ਐੱਸ ਪੀ ਪ੍ਰੀਮੀਅਮਜ਼ ਵਿਚ 1 ਜਨਵਰੀ, 2018 ਤੋਂ ਲਾਗੂ ਹੋਣ ਵਾਲੀਆਂ ਤਬਦੀਲੀਆਂ**

- » ਦੋ ਮਿਲੀਅਨ ਤੋਂ ਜ਼ਿਆਦਾ ਬ੍ਰਿਟਿਸ਼ ਕੋਲੰਬੀਅਨ ਕੋਈ ਪ੍ਰੀਮੀਅਮ ਨਹੀਂ ਦਿੰਦੇ।
- » ਹੋਰ ਦੋ ਮਿਲੀਅਨ ਬ੍ਰਿਟਿਸ਼ ਕੋਲੰਬੀਅਨ ਆਪਣੇ ਪ੍ਰੀਮੀਅਮ ਵਿਚ 50% ਦੀ ਕਟੌਤੀ ਦੇਖਣਗੇ।



*ਲਗਾਤਾਰ ਬੈਲੇਂਸਡ ਬਜਟਾਂ ਦੇ ਰਿਕਾਰਡ ਨਾਲ, ਬੀ.ਸੀ. ਅਜਿਹੀ ਵਿੱਤੀ ਹਾਲਤ ਵਿਚ ਹੈ ਜਿਸ 'ਤੇ ਦੁਨੀਆ ਭਰ ਦੇ ਬਹੁਤੇ ਸਾਰੇ ਇਲਾਕੇ ਰਸ਼ਕ ਕਰਦੇ ਹਨ। ਸਾਡੀ ਭਵਿੱਖਬਾਣੀ, ਸਾਲ 2017 ਵਿਚ ਸਭ ਤੋਂ ਉਪਰਲੀ ਆਰਥਿਕ ਪ੍ਰਦਰਸ਼ਨੀ ਵਾਲੇ ਸੂਬਿਆਂ ਵਿਚ ਕੀਤੀ ਗਈ ਹੈ, ਅਤੇ ਬੈਲੇਂਸਡ ਬਜਟ 2017 ਨਾਲ ਅਸੀਂ ਆਪਣੀ ਇਕੌਨਮੀ ਨੂੰ ਹੋਰ ਮਜ਼ਬੂਤ ਕਰਨ, ਨੌਕਰੀਆਂ ਪੈਦਾ ਕਰਨ ਅਤੇ ਬ੍ਰਿਟਿਸ਼ ਕੋਲੰਬੀਅਨਾਂ ਲਈ ਜ਼ਿੰਦਗੀ ਹੋਰ ਵਾਰਾ ਖਾਣ ਯੋਗ ਬਣਾਉਣ ਲਈ ਕੰਮ ਕਰ ਰਹੇ ਹਾਂ।*

*ਔਨਰੇਬਲ*
*ਮਾਈਕਲ ਡੀ ਜੌਂਗ, ਕਿਊ.ਸੀ.*
*ਵਿੱਤ ਮੰਤਰੀ*

BRITISH COLUMBIA

**ਮਾਨਸਿਕ ਸਿਹਤ ਲਈ ਮਦਦ**

ਮਾਨਸਿਕ ਸਿਹਤ ਦੀ ਹੋਰ ਕੌਂਸਲਿੰਗ ਅਤੇ ਇਲਾਜ ਲਈ 3 ਸਾਲਾਂ ਦੇ ਸਮੇਂ ਦੌਰਾਨ ਮਨਿਸਟਰੀ ਔਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਨੂੰ ***$45 ਮਿਲੀਅਨ।***

ਜਵਾਨਾਂ ਦੇ ਨਸ਼ਿਆਂ ਦੇ ਇਲਾਜ ਲਈ 28 ਤੱਕ ਹੋਰ ਵਿਸ਼ੇਸ਼ ਬੈੱਡਾਂ ਲਈ ***$12 ਮਿਲੀਅਨ।***

ਪੰਜ ਥਾਂਵਾਂ ਤੱਕ ਯੂਥ ਸਰਵਿਸ ਸੈਂਟਰਾਂ ਦੇ ਵਾਧੇ ਲਈ ***$9 ਮਿਲੀਅਨ*** ਅਤੇ ਹਰ ਇਕ ਵਿਚ ਸਲਾਨਾ 1,200-2,500 ਹੋਰ ਕਲਾਇੰਟਾਂ ਨੂੰ ਸੇਵਾਵਾਂ ਦਿੱਤੀਆਂ ਜਾਣਗੀਆਂ।

ਬੀ ਸੀ ਸੈਂਟਰ ਫਾਰ ਸਬਸਟੈਂਸ ਯੂਜ਼ ਲਈ 3 ਸਾਲਾਂ ਦੌਰਾਨ ***$11 ਮਿਲੀਅਨ।***

## ਐੱਮ ਐੱਸ ਪੀ ਪ੍ਰੀਮੀਅਮਜ਼ ਦੇ ਖਾਤਮੇ ਵੱਲ ਨੂੰ ਕਦਮ

ਐੱਮ ਐੱਸ ਪੀ ਦੇ ਪ੍ਰੀਮੀਅਮ, 1 ਜਨਵਰੀ, 2018 ਤੋਂ $120,000 ਤੱਕ ਦੀ ਸਲਾਨਾ ਕੁੱਲ ਆਮਦਨ ਵਾਲੇ ਪਰਿਵਾਰਾਂ ਲਈ ਅੱਧੇ ਕਰ ਦਿੱਤੇ ਜਾਣਗੇ। ਦੋ ਮਿਲੀਅਨ ਨਾਲੋਂ ਜ਼ਿਆਦਾ ਬ੍ਰਿਟਿਸ਼ ਕੋਲੰਬੀਅਨ ਪਹਿਲਾਂ ਹੀ ਕੋਈ ਪ੍ਰੀਮੀਅਮ ਨਹੀਂ ਦਿੰਦੇ, ਅਤੇ ਇਸ ਤਬਦੀਲੀ ਤੋਂ ਬਾਅਦ ਦੋ ਮਿਲੀਅਨ ਹੋਰ ਆਪਣੇ ਪ੍ਰੀਮੀਅਮਜ਼ ਵਿਚ 50% ਦੀ ਕਟੌਤੀ ਦੇਖਣਗੇ – ਜਿਸ ਨਾਲ ਬਹੁਤੇ ਪ੍ਰੀਮੀਅਮ ਵਾਪਸ ਉਨ੍ਹਾਂ ਪੱਧਰਾਂ ’ਤੇ ਚਲੇ ਜਾਣਗੇ ਜਿੱਥੇ ਇਹ 1993 ਵਿਚ ਸਨ।

ਸੂਬਾ ਆਮਦਨ ਦੀ ਉਸ ਸੀਮਾ ਵਿਚ ਵੀ $2,000 ਦਾ ਵਾਧਾ ਕਰ ਰਿਹਾ ਹੈ, ਜਿਸ ਤੋਂ ਥੱਲੇ ਪਰਿਵਾਰ ਐੱਮ ਐੱਸ ਪੀ ਤੋਂ ਪੂਰੀ ਤਰ੍ਹਾਂ ਮੁਕਤ ਹੋ ਜਾਂਦੇ ਹਨ। ਇਸ ਦਾ ਮਤਲਬ ਹੈ ਕਿ $26,000 ਤੱਕ ਕਮਾ ਰਹੇ ਵਿਅਕਤੀ ਕੋਈ ਪ੍ਰੀਮੀਅਮ ਨਹੀਂ ਦੇਣਗੇ, ਅਤੇ $35,000 ਤੱਕ ਕਮਾ ਰਹੇ ਦੋ ਬੱਚਿਆਂ ਵਾਲੇ ਜੋੜੇ ਕੋਈ ਪ੍ਰੀਮੀਅਮ ਨਹੀਂ ਦੇਣਗੇ।


**ਦੋ ਮਿਲੀਅਨ ਬ੍ਰਿਟਿਸ਼ ਕੋਲੰਬੀਅਨ ਆਪਣੇ ਪ੍ਰੀਮੀਅਮ ਘਟਦੇ ਦੇਖਣਗੇ।**

**1 ਜਨਵਰੀ, 2018 ਤੋਂ** *(ਉਦਾਹਰਣਾਂ ਘਰ ਦੀ ਕੁੱਲ ਆਮਦਨ ’ਤੇ ਆਧਾਰਿਤ ਹਨ)*

- ਦੋ ਬੱਚਿਆਂ ਵਾਲਾ $49,000 ਕਮਾ ਰਿਹਾ ਇਕੱਲਾ ਮਾਪਾ ਪ੍ਰਤੀ ਸਾਲ $450 ਤੱਕ ਬਚਾਏਗਾ।
- ਦੋ ਬੱਚਿਆਂ ਵਾਲਾ $52,000 ਕਮਾ ਰਿਹਾ ਜੋੜਾ ਪ੍ਰਤੀ ਸਾਲ $900 ਤੱਕ ਬਚਾਏਗਾ।
- $51,000 ਕਮਾ ਰਿਹਾ ਸੀਨੀਅਰ ਜੋੜਾ ਪ੍ਰਤੀ ਸਾਲ $780 ਬਚਾਏਗਾ।
- $40,000 ਕਮਾ ਰਿਹਾ ਜੋੜਾ ਪ੍ਰਤੀ ਸਾਲ $672 ਬਚਾਏਗਾ।
- $29,000 ਕਮਾ ਰਿਹਾ ਜੋੜਾ ਪ੍ਰਤੀ ਸਾਲ $132 ਬਚਾਏਗਾ।
- $39,000 ਕਮਾ ਰਿਹਾ ਜੋੜਾ ਪ੍ਰਤੀ ਸਾਲ $390 ਬਚਾਏਗਾ।

## ਹੈਲਥ ਕੇਅਰ ਵਿਚ ਰਿਕਾਰਡ ਪੱਧਰ ਦੀਆਂ ਇਨਵੈਸਟਮੈਂਟਾਂ

ਸਿਹਤ ਮਹਿਕਮਾ ਆਪਣੇ 2016-17 ਦੇ ਮੁਢਲੇ ਬਜਟ ਦੀ ਤੁਲਨਾ ਵਿਚ ਤਿੰਨ ਸਾਲਾਂ ਦੌਰਾਨ $4.2 ਬਿਲੀਅਨ ਦਾ ਵਾਧਾ ਦੇਖੇਗਾ। ਇਸ ਵਿਚ ਉਹ ਫੰਡਿੰਗ ਸ਼ਾਮਲ ਹੈ ਜਿਹੜੀ ਸਰਕਾਰ ਦੀ ਮਾਨਸਿਕ ਸਿਹਤ ਅਤੇ ਨਸ਼ਿਆਂ ਦੀ ਵਰਤੋਂ ਦੇ ਮਸਲਿਆਂ, ਖਾਸ ਕਰਕੇ ਜਵਾਨਾਂ ਲਈ, ਦਾ ਹੱਲ ਕਰਨ ਵਾਲੀਆਂ ਸੇਵਾਵਾਂ ਲਈ ਤਿੰਨ ਸਾਲਾਂ ਦੌਰਾਨ $100 ਮਿਲੀਅਨ ਦੇ ਖਰਚ ਦੀ ਹਿਮਾਇਤ ਕਰਦੀ ਹੈ।



## ਕੇ-12 ਪੜ੍ਹਾਈ ਦੇ ਫੰਡਾਂ ਵਿਚ ਵਾਧਾ ਕਰਨਾ

ਪੜ੍ਹਾਈ ਦਾ ਬਜਟ ਤਿੰਨ ਸਾਲਾਂ ਦੌਰਾਨ $740 ਮਿਲੀਅਨ ਵਧ ਜਾਵੇਗਾ, ਜਿਸ ਵਿਚ ਬ੍ਰਿਟਿਸ਼ ਕੋਲੰਬੀਆ ਦੇ ਸਕੂਲਾਂ ਵਿਚ ਦਾਖਲਿਆਂ 'ਚ ਵਾਧੇ, ਪੇਂਡੂ ਖੇਤਰਾਂ ਦੀ ਪੜ੍ਹਾਈ ਵਿਚ ਵਾਧੇ, ਵਿਦਿਆਰਥੀਆਂ ਦੀ ਆਵਾਜਾਈ, ਕੇ-12 ਤਨਖਾਹ ਦੇ ਖਰਚਿਆਂ, ਲਰਨਿੰਗ ਇਮਪਰੂਵਮੈਂਟ ਫੰਡ ਲਈ ਜਾਰੀ ਰਹਿਣ ਵਾਲੇ ਫੰਡਾਂ ਲਈ $228 ਮਿਲੀਅਨ ਵੀ ਸ਼ਾਮਲ ਹਨ, ਅਤੇ ਤਿੰਨ ਸਾਲਾਂ ਦੌਰਾਨ ਕਲਾਸਾਂ ਦੇ ਆਕਾਰ ਅਤੇ ਬਣਤਰ ਲਈ $320 ਮਿਲੀਅਨ ਜਦ ਕਿ ਅਸੀਂ ਬਾਰੇ ਬੀ ਸੀ ਟੀ ਐੱਫ ਨਾਲ ਅੰਤਿਮ ਐਗਰੀਮੈਂਟ ਨੂੰ ਸਿਰੇ ਚਾੜ੍ਹਨ ਲਈ ਕੰਮ ਕਰ ਰਹੇ ਹਾਂ।

## ਪੋਸਟ-ਸੈਕੰਡਰੀ ਪੜ੍ਹਾਈ ਦੇ ਬੁਨਿਆਦੀ ਢਾਂਚੇ ਲਈ $2.6 ਬਿਲੀਅਨ

- ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਸਰੀ ਕੈਂਪਸ ਵਿਚ ਇਕ ਨਵੀਂ ਸਸਟੇਨੇਬਲ ਐਨਰਜੀ ਐਂਡ ਇਨਵਾਇਰਮੈਂਟਲ ਇੰਜਨੀਅਰਿੰਗ ਬਿਲਡਿੰਗ।
- ਕੈਮਲੂਪਸ ਦੀ ਥੌਂਪਸਨ ਰਿਵਰਜ਼ ਯੂਨੀਵਰਸਿਟੀ ਵਿਖੇ ਇਕ ਨਵਾਂ ਇੰਡਸਟਰੀਅਲ ਟਰੇਨਿੰਗ ਐਂਡ ਟੈਕਨੋਲੋਜੀ ਸੈਂਟਰ।
- ਕਰੇਨਬਰੁੱਕ ਵਿਚ ਕਾਲਜ ਔਫ ਦਾ ਰੌਕੀਜ਼ ਵਿਖੇ ਟਰੇਡਜ਼ ਸਹੂਲਤਾਂ ਨੂੰ ਨਵਿਆਉਣਾ।
- ਪ੍ਰਿੰਸ ਜੌਰਜ ਦੇ ਕਾਲਜ ਔਫ ਨਿਊ ਕੈਲੇਡੋਨੀਆ ਵਿਚ ਇਕ ਨਵੀਂ ਹੈਵੀ ਡਿਊਟੀ ਮਕੈਨਿਕਸ ਬਿਲਡਿੰਗ।
- ਨੈਲਸਨ ਦੇ ਸੈਲਕਿਰਕ ਕਾਲਜ ਵਿਖੇ ਟਰੇਡਜ਼ ਸਹੂਲਤਾਂ ਦੀ ਰੈਨੋਵੇਸ਼ਨ ਅਤੇ ਉਸਾਰੀ।
- ਨੌਰਥ ਆਈਲੈਂਡ ਕਾਲਜ, ਕੈਂਬਲ ਰਿਵਰ ਕੈਂਪਸ ਟਰੇਡਜ਼ ਸਹੂਲਤਾਂ ਦੀ ਥਾਂ ਬਦਲੀ।
- ਨੌਰਦਰਨ ਲਾਈਟਸ ਕਾਲਜ, ਡਾਅਸਨ ਕਰੀਕ, ਟਰੇਡਜ਼ ਕੈਂਪਸ ਦੀ ਥਾਂ ਬਦਲੀ।
- ਨੌਰਥਵੈੱਸਟ ਕਮਿਉਨਟੀ ਕਾਲਜ, ਟੈਰਸ ਕੈਂਪਸ ਟਰੇਡਜ਼ ਸਹੂਲਤਾਂ ਨੂੰ ਨਵਿਆਉਣਾ।
- ਓਕਨਆਗਨ ਕਾਲਜ, ਵਰਨਨ ਕੈਂਪਸ ਵਿਚ ਟਰੇਡਜ਼ ਦੀ ਟਰੇਨਿੰਗ ਦੀ ਨਵੀਂ ਸਹੂਲਤ।

### ਸਕੂਲਾਂ ਦੀ ਉਸਾਰੀ

ਬਜਟ 2017 ਵਿਚ ਤਿੰਨ ਸਾਲਾਂ ਦੇ ਸਮੇਂ ਦੌਰਾਨ ਸਕੂਲਾਂ 'ਤੇ ਕੁੱਲ ਪੂੰਜੀ-ਨਿਵੇਸ਼ ਲਈ $2 ਬਿਲੀਅਨ ਰੱਖਿਆ ਗਿਆ ਹੈ। ਇਸ ਵਿਚ ਸ਼ਾਮਲ ਹਨ:

***ਸਰੀ ਵਿਚ 5200 ਤੱਕ ਨਵੀਂਆਂ ਵਿਦਿਆਰਥੀ ਸੀਟਾਂ*** ਜਿਸ ਨਾਲ ਦਾਖਲਿਆਂ ਵਿਚ ਵਾਧੇ ਦਾ ਹੱਲ ਕਰਨ ਲਈ ਤਿੰਨ ਸਾਲਾਂ ਵਿਚ $217 ਮਿਲੀਅਨ ਦੀ ਇਨਵੈਸਟਮੈਂਟ ਹੋਵੇਗੀ।

ਕੁਕਿਟਲਮ ਵਿਚ ***430 ਵਿਦਿਆਰਥੀ ਸੀਟਾਂ*** ਅਤੇ ਸਮਾਈਲਿੰਗ ਕਰੀਕ ਐਲੀਮੈਂਟਰੀ ਸਕੂਲ ਵਿਖੇ ਨੇੱਬਰਹੁੱਡ ਲਰਨਿੰਗ ਸੈਂਟਰ।

ਬਰਨਬੀ ਦੇ ਅਲਫਾ ਸੈਕੰਡਰੀ ਸਕੂਲ ਦੇ ਦੋ ਕਲਾਸਰੂਮ ਵਿੰਗਜ਼ ਦੀ ***ਭੁਚਾਲ ਤੋਂ ਬਚਾ ਲਈ ਅਪਗਰੇਡਿੰਗ ਅਤੇ ਬਦਲੀ।***

## ਬੱਚਿਆਂ ਅਤੇ ਪਰਿਵਾਰਾਂ ਦਾ ਖਿਆਲ ਰੱਖਣਾ

ਜ਼ਿਆਦਾ ਲੋੜ ਵਾਲੇ ਪਰਿਵਾਰਾਂ, ਵਿਅਕਤੀਆਂ ਅਤੇ ਬੱਚਿਆਂ ਦੀ ਮਦਦ ਕਰਨ ਲਈ ਤਿੰਨ ਸਾਲਾਂ ਦੇ ਸਮੇਂ ਦੌਰਾਨ ਹੋਰ $796 ਮਿਲੀਅਨ, ਜਿਸ ਵਿਚ ਸ਼ਾਮਲ ਹਨ:

- ਉਡੀਕ ਲਿਸਟਾਂ ਘਟਾਉਣ ਅਤੇ ਬੱਚਿਆਂ ਅਤੇ ਜਵਾਨਾਂ ਲਈ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ $147 ਮਿਲੀਅਨ।
- ਮੂਲਵਾਸੀ ਕਮਿਉਨਟੀਆਂ ਵਿਚ ਪਰਿਵਾਰਾਂ ਦੀ ਮਦਦ ਅਤੇ ਦੁਬਾਰਾ ਮੇਲ, ਸਭਿਆਚਾਰਕ ਤੌਰ 'ਤੇ ਢੁਕਵੀਂਆਂ ਸੇਵਾਵਾਂ ਅਤੇ ਵਾਧੂ ਸਟਾਫ ਲਈ $120 ਮਿਲੀਅਨ ਜਿਸ ਨਾਲ ਮੂਲਵਾਸੀ ਬੱਚਿਆਂ ਦੀ ਭਲਾਈ ਬਾਰੇ ਗਰੈਂਡ ਚੀਫ ਇਡ ਜੌਹਨ ਦੀ ਰਿਪੋਰਟ ਵਿਚ ਦਿੱਤੀਆਂ ਗਈਆਂ ਸਿਫਾਰਸ਼ਾਂ ਲਾਗੂ ਹੋਣੀਆਂ ਸ਼ੁਰੂ ਹੋਣਗੀਆਂ।
- ਚਾਇਲਡ ਕੇਅਰ ਲਈ $20 ਮਿਲੀਅਨ, ਸਮੇਤ 2,000 ਤੱਕ ਚਾਇਲਡ ਕੇਅਰ ਦੀਆਂ ਨਵੀਂਆਂ ਥਾਂਵਾਂ ਦੇ।
- ਅਪਾਹਜਤਾਵਾਂ ਵਾਲੇ ਵਿਅਕਤੀਆਂ ਲਈ ਮਦਦ ਦੇ ਰੇਟ ਪ੍ਰਤੀ ਮਹੀਨਾ $50 ਜਾਂ ਪ੍ਰਤੀ ਸਾਲ $600 ਵਧਾਉਣ ਲਈ $199 ਮਿਲੀਅਨ।
- ਲੋੜਵੰਦਾਂ ਲਈ ਇਨਕਮ ਅਸਿਸਟੈਂਟਸ ਦੀਆਂ ਮਦਦਾਂ ਪ੍ਰਦਾਨ ਕਰਨ ਲਈ $175 ਮਿਲੀਅਨ, ਜਿਸ ਵਿਚ ਬੱਚੇ ਨਾਲ ਸੰਬੰਧਿਤ ਬੈਨੇਫਿਟਸ ਵਿਚ ਹੋਰ ਛੋਟ ਲਈ $8 ਮਿਲੀਅਨ ਵੀ ਸ਼ਾਮਲ ਹਨ।
- ਕਮਿਉਨਟੀ ਲਿਵਿੰਗ ਸਰਵਿਸਿਜ਼ ਲਈ 3 ਸਾਲਾਂ ਦੇ ਸਮੇਂ ਦੌਰਾਨ $135 ਮਿਲੀਅਨ ਜਿਸ ਵਿਚ ਸੀ ਐੱਲ ਬੀ ਸੀ ਵੀ ਸ਼ਾਮਲ ਹੈ।

## ਤਰਜੀਹੀ ਰਿਹਾਇਸ਼ਾਂ ਦੇ ਉੱਦਮਾਂ ਲਈ ਪੂੰਜੀ-ਨਿਵੇਸ਼ ਕਰਨਾ

ਬੀ.ਸੀ. ਦੇ ਪਰਿਵਾਰਾਂ ਲਈ ਰਿਹਾਇਸ਼ ਦੇ ਖਰਚੇ ਘਟਾਉਣ ਲਈ ਸੂਬਾ ਕਦਮ ਚੁੱਕ ਰਿਹਾ ਹੈ।

- ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਲਈ ਪ੍ਰਾਪਰਟੀ ਟ੍ਰਾਂਸਫਰ ਟੈਕਸ ਤੋਂ ਛੋਟ ਦੀ ਸੀਮਾ ਵਧਾ ਕੇ $500,000 ਕੀਤੀ ਜਿਸ ਨਾਲ ਪਹਿਲੀ ਵਾਰੀ ਘਰ ਖਰੀਦਣ ਵਾਲੇ $8,000 ਤੱਕ ਬਚਾਉਣਗੇ।
- ਬੀ ਸੀ ਹੋਮ ਪਾਰਟਨਰਸ਼ਿਪ ਪ੍ਰੋਗਰਾਮ ਰਾਹੀਂ ਮੌਰਗੇਜ ਦੇ ਕਰਜ਼ਿਆਂ ਵਿਚ ਸਹਾਇਤਾ ਲਈ $700 ਮਿਲੀਅਨ ਤੋਂ ਜ਼ਿਆਦਾ ਜਿਸ ਨਾਲ ਤਿੰਨ ਸਾਲਾਂ ਦੇ ਸਮੇਂ ਦੌਰਾਨ ਅੰਦਾਜ਼ਨ 42,000 ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਦੀ ਮਦਦ ਹੋਵੇਗੀ।
- ਬੇਘਰਿਆਂ ਦੀ ਮਦਦ ਕਰਨ ਲਈ 380 ਰਿਹਾਇਸ਼ੀ ਯੂਨਿਟ ਤਿਆਰ ਕਰਨ ਲਈ $65 ਮਿਲੀਅਨ, ਜਿਸ ਵਿਚ ਮਾਨਸਿਕ ਸਿਹਤ ਅਤੇ ਨਸ਼ਿਆਂ ਦੀ ਵਰਤੋਂ ਦੇ ਮਸਲਿਆਂ ਵਾਲੇ ਵਿਅਕਤੀ ਵੀ ਸ਼ਾਮਲ ਹਨ – ਕੁੱਲ $920 ਮਿਲੀਅਨ ਦੀ ਵਚਨਬੱਧਤਾ ਜੋ ਕਿ ਤਕਰੀਬਨ 5300 ਰਿਹਾਇਸ਼ੀ ਯੂਨਿਟਾਂ ਲਈ ਮਦਦ ਕਰੇਗੀ।
- ਘੱਟ ਆਮਦਨ ਵਾਲੇ ਪਰਿਵਾਰਾਂ ਅਤੇ ਸੀਨੀਅਰਾਂ ਦੀ ਮਦਦ ਲਈ ਕਿਰਾਏ ਵਿਚ ਮਦਦ ਦੇ ਪ੍ਰੋਗਰਾਮ ਜੋ ਕਿ ਹਰ 33,000 ਤੋਂ ਜ਼ਿਆਦਾ ਪਰਿਵਾਰਾਂ ਦੀ ਮਦਦ ਕਰਨਗੇ।



### ਅੱਗ ਬੁਝਾਉ ਅਮਲਾ ਅਤੇ ਸਰਚ ਐਂਡ ਰੈਸਕਿਊ

ਬੀ.ਸੀ. ਦੇ ਵਾਲੰਟੀਅਰ ਫਾਇਰਫਾਈਟਰਜ਼ ਅਤੇ ਸਰਚ ਐਂਡ ਰੈਸਕਿਊ ਵਾਲੰਟੀਅਰਾਂ ਲਈ ਨਵਾਂ ਟੈਕਸ ਕਰੈਡਿਟ ਜੋ ਕਿ ਬੀ.ਸੀ. ਭਰ ਵਿਚ ਹਜ਼ਾਰਾਂ ਯੋਗ ਵਾਲੰਟੀਅਰਾਂ ਨੂੰ $3,000 ਦਾ ਨਾ-ਵਾਪਸ ਕਰਨ ਯੋਗ ਟੈਕਸ ਕਰੈਡਿਟ ਦੇਵੇਗਾ ਜਿਸ ਨਾਲ ਹਰ ਸਾਲ $151.80 ਤੱਕ ਦਾ ਬੈਨੇਫਿਟ ਮਿਲੇਗਾ।




### ਸਕੂਲ ਨੂੰ ਵਾਪਸੀ

ਬੀ.ਸੀ. ਦਾ ਬੈਕ-ਟੂ-ਸਕੂਲ ਟੈਕਸ ਕਰੈਡਿਟ, ਸਕੂਲ ਜਾਣ ਦੀ ਉਮਰ ਦੇ ਬੱਚਿਆਂ ਦੇ ਮਾਪਿਆਂ ਲਈ, ਸਕੂਲ ਸਪਲਾਈ ਦੀ ਖਰੀਦ ਦੇ ਖਰਚੇ ਵਿਚ ਮਦਦ ਕਰਨ ਲਈ ਇਕ ਨਾ-ਵਾਪਸ ਕਰਨ ਯੋਗ ਟੈਕਸ ਕਰੈਡਿਟ ਹੈ। ਕਰੈਡਿਟ ਦੀ ਰਕਮ ਹਰ ਬੱਚੇ ਲਈ $250 ਹੈ ਜੋ ਕਿ ਹਰ ਬੱਚੇ ਲਈ $12.65 ਤੱਕ ਦਾ ਟੈਕਸ ਫਾਇਦਾ ਦਿੰਦਾ ਹੈ।

## ਬਿਜਲੀ ’ਤੇ ਪੀ ਐੱਸ ਟੀ ਦੀ ਕਟੌਤੀ

ਬਿਜਲੀ ’ਤੇ ਟੈਕਸ ਰੇਟ 1 ਅਕਤੂਬਰ, 2017 ਤੋਂ 7% ਤੋਂ ਘਟਾ ਕੇ 3.5% ਕਰ ਦਿੱਤਾ ਜਾਵੇਗਾ ਅਤੇ 1 ਅਪਰੈਲ, 2019 ਤੋਂ ਪੂਰੀ ਤਰ੍ਹਾਂ ਮਾਫ ਕਰ ਦਿੱਤਾ ਜਾਵੇਗਾ। ਬਿਜਲੀ ’ਤੇ ਪੀ ਐੱਸ ਟੀ ਖਤਮ ਕਰਨ ਨਾਲ, ਛੋਟੇ ਅਤੇ ਦਰਮਿਆਨੇ ਦਰਜੇ ਦੇ ਕਾਰੋਬਾਰਾਂ ਨੂੰ ਹਰ ਸਾਲ ਤਕਰੀਬਨ $50 ਮਿਲੀਅਨ ਦੀ ਬੱਚਤ ਹੋਵੇਗੀ। ਘਰਾਂ ਲਈ ਬਿਜਲੀ ਨੂੰ ਪਹਿਲਾਂ ਹੀ ਛੋਟ ਹੈ।


**ਕਾਰੋਬਾਰ ਦੇ ਆਕਾਰ ਮੁਤਾਬਕ ਬਿਜਲੀ ’ਤੇ ਦਿੱਤਾ ਜਾਂਦਾ ਅੰਦਾਜ਼ਨ ਪੀ ਐੱਸ ਟੀ (2015–16)**




## ਸਥਾਨਕ ਕਾਰੋਬਾਰਾਂ ਅਤੇ ਇਕੌਨਮੀਆਂ ਦੀ ਵਧਣ ਵਿਚ ਮਦਦ ਕਰਨਾ

ਕਾਰੋਬਾਰੀ ਮੁਕਾਬਲੇ ਅਤੇ ਆਰਥਿਕ ਵਿਕਾਸ ਵਿਚ ਸੁਧਾਰ ਕਰਨ ਲਈ ਹੋਰ ਕਦਮ:

- » ਸਮਾਲ ਬਿਜ਼ਨਸ ਕਾਰਪੋਰੇਟ ਇਨਕਮ ਟੈਕਸ ਰੇਟ 2.5% ਤੋਂ ਘਟਾ ਕੇ 2% ਕੀਤਾ ਗਿਆ ਹੈ।
- » ਟੈੱਕ ਸੈਕਟਰ, ਸਾਇੰਟੈਫਿਕ ਰੀਸਰਚ ਅਤੇ ਆਰਥਿਕ ਵਿਕਾਸ ਲਈ ਟੈਕਸ ਕਰੈਡਿਟਾਂ ਵਿਚ ਵਾਧਾ ਅਤੇ ਸੁਧਾਰ, ਅਤੇ ਨਵੀਨਤਾ ਅਤੇ ਵਪਾਰੀਕਰਣ ਦੀ ਮਦਦ ਲਈ ਪੂੰਜੀ-ਨਿਵੇਸ਼।
- » ਸਰਕਾਰ ਦੀ ਟੈਕਸ ਜੁਗਤ ਵਿਚ ਵਾਧਾ ਕਰਨ ਲਈ $87 ਮਿਲੀਅਨ।
- » ਆਰਥਿਕ ਵਾਧੇ ਦੀ ਮਦਦ ਕਰਨ ਲਈ ਪੇਂਡੂ ਅਤੇ ਬੀ.ਸੀ. ਦੇ ਦੂਰ ਦੁਰੇਡੇ ਦੇ ਇਲਾਕਿਆਂ ਵਿਚ ਹਾਈ-ਸਪੀਡ ਇੰਟਰਨੈੱਟ ਤੱਕ ਪਹੁੰਚ ਵਧਾਉਣ ਲਈ $40 ਮਿਲੀਅਨ ਦੀ ਹੋਰ ਫੰਡਿੰਗ।
- » ਸੇਵਾਵਾਂ ਅਤੇ ਨੌਕਰੀਆਂ ਦੇ ਹੱਕ ਵਿਚ ਸੂਬੇ ਦੇ ਨਵੇਂ ਅਤੇ ਅਪਗਰੇਡ ਕੀਤੇ ਜਾਣ ਵਾਲੇ ਬੁਨਿਆਦੀ ਢਾਂਚੇ ਲਈ ਤਿੰਨ ਸਾਲਾਂ ਦੌਰਾਨ ਰਿਕਾਰਡ $24.5 ਬਿਲੀਅਨ ਇਨਵੈਸਟ ਕਰਨਾ।
- » ਐਸੀਆਨ ਦੇਸ਼ਾਂ ਵਿਚ ਸੂਬੇ ਦੇ ਤਿੰਨ ਨਵੇਂ ਟਰੇਡ ਅਤੇ ਇਨਵੈਸਟਮੈਂਟ ਦਫਤਰਾਂ ਲਈ $6 ਮਿਲੀਅਨ।



### ਪਾਰਕਾਂ ਅਤੇ ਵਾਤਾਵਰਣ ਦੀ ਰੱਖਿਆ ਕਰਨਾ

ਪਾਰਕਾਂ ਦੀ ਭਵਿੱਖੀ ਜੁਗਤ ਲਈ **$36 ਮਿਲੀਅਨ।**

ਖਾਣਾਂ ਦੇ ਪਰਮਿਟਾਂ ਅਤੇ ਨਿਗਰਾਨੀ ਲਈ **$18 ਮਿਲੀਅਨ।**

ਵਾਤਾਵਰਣ ਦੀ ਸੰਭਾਲ ਨਾਲ ਸੰਬੰਧਿਤ ਐਕਟ ਦੀ ਪਾਲਣਾ ਅਤੇ ਤਾਮੀਲ ਲਈ **$9 ਮਿਲੀਅਨ।**

ਕੈਰੀਬੂ ਰਿਕਵਰੀ ਪ੍ਰੋਗਰਾਮ ਲਈ **$27 ਮਿਲੀਅਨ।**

ਇਨਵੇਸਿਵ ਪਲਾਂਟ ਮੈਨੇਜਮੈਂਟ ਲਈ **$10 ਮਿਲੀਅਨ।**

ਜੰਗਲਾਤ ਲਗਾਉਣ ਦੇ ਕੰਮ ਵਿਚ ਵਾਧੇ ਲਈ **$9 ਮਿਲੀਅਨ।**

ਕਲੀਨ ਐਨਰਜੀ ਵਹੀਕਲ ਪ੍ਰੋਗਰਾਮ ਲਈ **$40 ਮਿਲੀਅਨ।**

AAA
Credit Rating

**— ਉਪਲਬਧ ਵੱਧ ਤੋਂ ਵੱਧ ਮਿਆਰ**

### ਬ੍ਰਿਟਿਸ਼ ਕੋਲੰਬੀਆ ਦੀ ਟ੍ਰਿਪਲ-ਏ ਕਰੈਡਿਟ ਰੇਟਿੰਗ


ਨਵੰਬਰ 2004 ਤੋਂ ਲੈ ਕੇ, ਸੂਬੇ ਦੀ ਕਰੈਡਿਟ ਰੇਟਿੰਗ ਦੇ ਸੱਤ ਦਰਜੇ ਵਧੇ ਹਨ, ਜੋ ਕਿ ਇਸ ਦੀ ਮਜ਼ਬੂਤ ਅਤੇ ਜ਼ਿਆਦਾ ਬਹੁਭਾਂਤੀ ਇਕੌਨਮੀ ਅਤੇ ਵਿੱਤੀ ਪ੍ਰਬੰਧ ਦਾ ਅਕਸ ਦਿਖਾਉਂਦੀ ਹੈ। ਇਸ ਵੇਲੇ, ਬੀ.ਸੀ. ਸਿਰਫ ਇੱਕੋ ਇਕ ਸੂਬਾ ਹੈ ਜਿਸ ਨੂੰ ਸਾਰੀਆਂ ਤਿੰਨ ਅੰਤਰਰਾਸ਼ਟਰੀ ਕਰੈਡਿਟ ਰੇਟਿੰਗ ਏਜੰਸੀਆਂ (ਸਟੈਂਡਰਡਜ਼ ਐਂਡ ਪੂਅਰ'ਜ਼, ਮੂਡੀ'ਜ਼ ਅਤੇ ਫਿਚ) ਨੇ ਟ੍ਰਿਪਲ-ਏ ਰੇਟਿੰਗ ਦਿੱਤੀ ਹੈ।

## *ਕਰਜ਼ਾ ਘਟਾਉਣਾ ਅਤੇ ਬੀ.ਸੀ. ਵਿਚ ਇਨਵੈਸਟ ਕਰਨਾ*


ਸਾਲ 2019-20 ਦੇ ਅੰਤ ਤੱਕ, ਸਿੱਧਾ ਚਾਲੂ ਕਰਜ਼ਾ (ਓਪਰੇਟਿੰਗ ਡੈੱਟ) $1.1 ਬਿਲੀਅਨ ਹੋਣ ਦੀ ਸੰਭਾਵਨਾ ਹੈ ਜੋ ਕਿ ਸਾਲ 2013-14 ਦੇ $10.2 ਬਿਲੀਅਨ ਨਾਲੋਂ 90% ਘੱਟ ਹੋਵੇਗਾ। ਇਹ ਕਟੌਤੀ ਵਿੱਤੀ ਪਲੈਨ ਦੇ ਅੰਤ ਤੱਕ ਵਿਆਜ ਦੇ ਖਰਚਿਆਂ ਵਿਚ ਅੰਦਾਜ਼ਨ $500 ਮਿਲੀਅਨ ਤੋਂ ਜ਼ਿਆਦਾ ਦੀ ਬੱਚਤ ਕਰੇਗੀ। ਲਗਾਤਾਰ ਜ਼ਬਤ ਨਾਲ, ਸਾਲ 2020 ਤੱਕ ਚਾਲੂ ਕਰਜ਼ੇ ਤੋਂ ਮੁਕਤ ਹੋ ਜਾਣ ਦਾ ਮੌਕਾ ਹੈ – ਜਿਸ ਨਾਲ ਸੂਬਾ 45 ਸਾਲ ਦੇ ਸਮੇਂ ਵਿਚ ਪਹਿਲੀ ਵਾਰੀ ਚਾਲੂ ਕਰਜ਼ੇ ਤੋਂ ਮੁਕਤ ਹੋਵੇਗਾ।

ਸੂਬੇ ਦੀ ਟੈਕਸ ਦੇਣ ਵਾਲਿਆਂ ਦੀ ਹਿਮਾਇਤ ਵਾਲੀ ਡੈੱਟ-ਟੂ-ਜੀ ਡੀ ਪੀ ਰੇਸ਼ੋ, ਜੋ ਕਿ ਕਰਜ਼ੇ ਦੇ ਵਾਰਾ ਖਾਣ ਯੋਗਤਾ ਦਾ ਮੁੱਖ ਪੈਮਾਨਾ ਹੈ, ਸਾਲ 2017-18 ਵਿਚ 15.9% ਥੱਲੇ ਜਾਣ ਦੀ ਸੰਭਾਵਨਾ ਹੈ।

### ਸਾਲ 2019-20 ਤੱਕ ਸਿੱਧਾ ਚਾਲੂ ਕਰਜ਼ਾ 1982-83 ਤੋਂ ਬਾਅਦ ਪਹਿਲੀ ਵਾਰੀ ਸਭ ਤੋਂ ਹੇਠਲੇ ਪੌਆਇੰਟ 'ਤੇ ਹੋਵੇਗਾ।





### ਬੀ.ਸੀ. ਦੀ ਨੀਵੀਂ ਡੈੱਟ-ਟੂ-ਜੀ ਡੀ ਪੀ ਰੇਸ਼ੋ ਏ ਏ ਏ ਰੇਟਿੰਗ ਦੀ ਹਿਮਾਇਤ ਕਰਦੀ ਹੈ




*ਸ੍ਰੋਤ: 2016/17 ਲਈ ਹਰ ਇਲਾਕੇ ਲਈ ਸਭ ਤੋਂ ਤਾਜ਼ਾ ਤਿਮਾਹੀ ਅਪਡੇਟ ਤੋਂ ਲਾਇਆ ਗਿਆ ਪੂਰਵ-ਅਨੁਮਾਨ।*

### ਬੀ.ਸੀ. ਦਾ ਇਕ-ਤਿਹਾਈ ਨਾਲੋਂ ਜ਼ਿਆਦਾ ਨਿਰਯਾਤ ਏਸ਼ੀਆ ਨੂੰ ਜਾਂਦਾ ਹੈ





*ਸ੍ਰੋਤ: ਬੀ ਸੀ ਸਟੈਟਸ (ਰਾਊਂਡਿੰਗ ਕਰਕੇ ਸ਼ਾਇਦ ਜੋੜ 100% ਨਾ ਹੋਵੇ)*

## ਬੁਨਿਆਦੀ ਢਾਂਚੇ ’ਤੇ ਰਿਕਾਰਡ ਪੱਧਰਾਂ ਦਾ ਖਰਚ

ਪੂੰਜੀ-ਨਿਵੇਸ਼ ਦੀ ਯੋਜਨਾ ਵਿਚ ਬੀ.ਸੀ. ਦੇ ਟੈਕਸ ਦੇਣ ਵਾਲਿਆਂ ਦੀ ਮਦਦ ਨਾਲ ਚਲਾਏ ਜਾ ਰਹੇ ਇਨਫਰਾਸਟਰੱਕਚਰ ਦੇ ਪ੍ਰੋਜੈਕਟਾਂ ਵਿੱਚੋਂ $6.5 ਬਿਲੀਅਨ ਦਾ ਕੰਮ ਬੀ.ਸੀ. ਭਰ ਦੇ ਇਲਾਕਿਆਂ ਵਿਚ ਹੋ ਰਿਹਾ ਹੈ। ਇਨ੍ਹਾਂ ਸਕੂਲਾਂ, ਸੜਕਾਂ, ਸਿਹਤ ਸਹੂਲਤਾਂ, ਪੋਸਟ-ਸੈਕੰਡਰੀ ਸੰਸਥਾਵਾਂ ਦੀ ਉਸਾਰੀ ਅਤੇ ਹੋਰ ਇਨਵੈਸਟਮੈਂਟਾਂ ਉਸਾਰੀ ਦੌਰਾਨ 30,000 ਨਾਲੋਂ ਜ਼ਿਆਦਾ ਸਿੱਧੀਆਂ ਅਤੇ ਅਸਿੱਧੀਆਂ ਨੌਕਰੀਆਂ ਪ੍ਰਦਾਨ ਕਰ ਰਹੀਆਂ ਹਨ।

### ਬੁਨਿਆਦੀ ਢਾਂਚੇ ’ਤੇ ਖਰਚ




*ਰਾਊਂਡਿੰਗ ਕਰਕੇ ਸ਼ਾਇਦ ਜੋੜ 100% ਨਾ ਹੋਵੇ*

### ਟ੍ਰਾਂਸਪੋਰਟੇਸ਼ਨ ਦੇ ਬੁਨਿਆਦੀ ਢਾਂਚੇ ਵਿਚ $4.7 ਬਿਲੀਅਨ ਦੀ ਇਨਵੈਸਟਮੈਂਟ

ਪ੍ਰਿੰਸ ਜੌਰਜ ਦੇ ਪੱਛਮ ਵਿਚ ਹਾਈਵੇਅ 16 ਦੇ 3.4 ਕਿਲੋਮੀਟਰ ਨੂੰ ਚਾਰ ਲੇਨਾਂ ਵਾਲਾ ਬਣਾਉਣਾ।

ਸੈਮਨ ਆਰਮ ਦੇ ਪੱਛਮ ਵਿਚ ਹਾਈਵੇਅ 1 ਦੇ 6.3 ਕਿਲੋਮੀਟਰ ਨੂੰ ਚਾਰ ਲੇਨਾਂ ਵਾਲਾ ਬਣਾਉਣਾ।

ਕਲੋਨਾ ਵਿਚ ਹਾਈਵੇਅ 97 ਦੇ 4.5 ਕਿਲੋਮੀਟਰ ਨੂੰ ਛੇ ਲੇਨਾਂ ਵਾਲਾ ਬਣਾਉਣਾ।

ਵਿਕਟੋਰੀਆ ਵਿਚ ਐਡਮਾਈਰਲਜ਼ ਰੋਡ ਅਤੇ ਮਕੈਂਜ਼ੀ ਐਵੇਨਿਊ ਦੇ ਇੰਟਰਸੈਕਸ਼ਨ ’ਤੇ ਹਾਈਵੇਅ 1 ’ਤੇ ਇਕ ਨਵਾਂ ਇੰਟਰਚੇਂਜ।

ਮਾਲਾਹੈਟ ਵਿਲੇਜ ਰਾਹੀਂ ਹਾਈਵੇਅ 1 ਦੇ 5 ਕਿਲੋਮੀਟਰ ਨੂੰ ਚਾਰ ਲੇਨਾਂ ਵਾਲਾ ਬਣਾਉਣਾ।

ਲੈਂਗਲੀ ਵਿਚ 216 ਸਟਰੀਟ ’ਤੇ ਹਾਈਵੇਅ 1 ’ਤੇ ਇੰਟਰਚੇਂਜ ਅਤੇ 202 ਸਟਰੀਟ ਅਤੇ ਨਵੇਂ ਇੰਟਰਚੇਂਜ ਵਿਚਕਾਰ ਹਾਈਵੇਅ ਨੂੰ ਛੇ ਲੇਨਾਂ ਵਾਲਾ ਬਣਾਉਣਾ।

ਐਲੈਕਸ ਫਰੇਜ਼ਰ ਬ੍ਰਿਜ ’ਤੇ ਇਕ ਨਵੀਂ 7ਵੀਂ ਲੇਨ, ਸਮੇਤ 72 ਐਵੇਨਿਊ ’ਤੇ ਹਾਈਵੇਅ 91 ਉੱਪਰ ਇਕ ਨਵੇਂ ਇੰਟਰਚੇਂਜ ਦੇ।


ਓਕਨਆਗਨ ਵੈਲੀ ਕੋਰੀਡੋਰ ਪ੍ਰੋਗਰਾਮ।


ਕੈਰੀਬੂ ਕੋਨੈਕਟਰ ਪ੍ਰੋਗਰਾਮ।

## ਸਮੁੱਚੇ ਰੂਪ ਵਿੱਚ ਸਭ ਤੋਂ ਘੱਟ ਟੈਕਸ


ਇਨਕਮ ਟੈਕਸ, ਖਪਤਕਾਰੀ ਟੈਕਸ, ਹੈਲਥ ਕੇਅਰ ਪ੍ਰੀਮੀਅਮਜ਼ ਅਤੇ ਪੇਅਰੋਲ ਟੈਕਸ ਸਮੇਤ ਸਾਰੇ ਟੈਕਸਾਂ ਨੂੰ ਧਿਆਨ ਵਿੱਚ ਰੱਖਦਿਆਂ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ’ਤੇ ਲਗਾਤਾਰਤਾ ਨਾਲ ਕੈਨੇਡਾ ਵਿਚ ਟੈਕਸਾਂ ਦਾ ਸਭ ਤੋਂ ਘੱਟ ਬੋਝ ਹੈ।


## 4 ਜਾਣਿਆਂ ਦਾ ਦੋ–ਆਮਦਨਾਂ ਵਾਲਾ ਪਰਿਵਾਰ $90,000 ਆਮਦਨ









## 4 ਜਾਣਿਆਂ ਦਾ ਦੋ–ਆਮਦਨਾਂ ਵਾਲਾ ਪਰਿਵਾਰ $60,000 ਆਮਦਨ









## ਇਕੱਲਾ ਵਿਅਕਤੀ $80,000 ਆਮਦਨ




## ਬਜ਼ੁਰਗ ਜੋੜਾ ਬਰਾਬਰ ਦੀ ਪੈਨਸ਼ਨ $30,000 ਆਮਦਨ




## ਹੋਰ ਜਾਣਕਾਰੀ ਲਈ

ਬੱਜਟ 2017 ਬਾਰੇ ਵੇਰਵੇ:
www.bcbudget.ca

ਵਿੱਤ ਮਹਿਕਮਾ
www.gov.bc.ca/fin


ਇਹ ਲਿਖਤ ਵਾਤਾਵਰਣ ਲਈ ਦੋਸਤਾਨਾ, ਐਲੀਮੈਂਟਲ ਕਲੋਰੀਨ ਮੁਕਤ ਪੇਪਰ ’ਤੇ ਛਪੀ ਸੀ, ਇਸ ਵਿਚ ਰੀਸਾਇਕਲਡ ਫਾਈਬਰ ਵਰਤਿਆ ਗਿਆ ਹੈ ਅਤੇ 100% ਨਵਿਆਉਣਯੋਗ ਹੈ। ਇਸ ਲਿਖਤ ਦੀ ਛਪਾਈ ਵਿਚ ਵਾਤਾਵਰਣ ਦੀ ਸੰਭਾਲ ਦੇ ਬਿਹਤਰ ਅਮਲ ਸ਼ਾਮਲ ਹਨ।
ਕਿਰਪਾ ਕਰਕੇ ਗਾਰਬੇਜ ਘਟਾਉ, ਦੁਬਾਰਾ ਵਰਤੋ ਅਤੇ ਰੀਸਾਇਕਲ ਕਰੋ।